# ਆਦਿਕਾ

ਸਭਿਆਚਾਰ ਇਕ ਮਨੁੱਖ ਸਿਰਜਿਤ ਵਰਤਾਰਾ ਹੈ। ਇਸਦੀ ਸਿਰਜਣਾ ਦਾ ਮੂਲ ਸੂਤਰ ਭਾਸ਼ਾ ਹੋਣ ਦੇ ਨਾਤੇ ਇਹ ਵੀ ਭਾਸ਼ਾ ਵਾਂਗ ਹੀ ਸੰਬੰਧਾਂ ਅਤੇ ਵਿਰੋਧਾਂ ਉੱਪਰ ਉੱਸਰਿਆ ਹੋਇਆ ਸਿਸਟਮ ਹੈ। ਚਿੰਤਨ, ਬਚਨ ਅਤੇ ਕਰਮ ਦੇ ਖੇਤਰ ਵਿਚ ਨਿਸ਼ੇਧ ਹੀ ਇਕ ਅਜਿਹੀ ਜੁਗਤ ਹੈ ਜਿਹੜੀ ਪ੍ਰਕਿਰਤੀ ਦੇ ਵਿਸ਼ਾਲ ਸੰਭਾਵਨਾਵਾਂ ਦੁਆਰਾ ਗਰਭਿਤ ਵਰਤਾਰੇ ਵਿਚ ਇਕ ਸਭਿਆਚਾਰਕ ਸਮੂਹ ਨੂੰ ਆਪਣੀ ਵਿਚਾਰਧਾਰਕ ਪਹਿਲ ਅਤੇ ਇਤਿਹਾਸਕ ਸਥਿਤੀ-ਵਿਵੇਕ ਮੁਤਾਬਕ ਕੁਝ ਚੁਣਨ ਅਤੇ ਕੁਝ ਦਾ ਤਿਆਗ ਕਰਨ ਦੀ ਕਸਵੱਟੀ ਬਣਦੀ ਹੈ। ਇਹ ਨਿਸ਼ੇਧ ਦੀ ਜੁਗਤ ਹੀ ਸਭਿਆਚਾਰ ਵਿਚ ਸੰਬੰਧਾਂ ਅਤੇ ਵਿਰੋਧਾਂ ਦਾ ਜਾਲ ਬੁਣਦੀ, ਇਕ ਵਿਲੱਖਣ ਪਛਾਣ ਵਾਲੇ ਪ੍ਰਬੰਧ ਦੇ ਤੌਰ ਤੇ ਸਥਾਪਤ ਕਰਦੀ ਹੈ। ਸਭਿਆਚਾਰ ਵਿਚਲੇ ਇਨ੍ਹਾਂ ਸੰਬੰਧਾਂ ਅਤੇ ਵਿਰੋਧਾਂ ਦੀ ਦਵੰਦਾਤਮਕਤਾ ਸਭਿਆਚਾਰ ਦੀਆਂ ਹੋਰ ਸਿਰਜਣਾਵਾਂ ਵਿਚ ਵੀ ਮੂਰਤੀਮਾਨ ਹੁੰਦੀ ਰਹਿੰਦੀ ਹੈ। ਇਸ ਤਰਕ ਦੀ ਰੌਸ਼ਨੀ ਵਿਚ ਪੰਜਾਬੀ ਲੋਕ-ਕਹਾਣੀ ਪੰਜਾਬੀ ਸਭਿਆਚਾਰ ਦੇ ਅੰਤਰਗਤ ਇਕ ਸਭਿਆਚਾਰਕ ਸਿਰਜਣਾ ਹੋਣ ਦੇ ਨਾਤੇ ਪੰਜਾਬੀ ਸਭਿਆਚਾਰ ਵਿਚਲੇ ਸੰਬੰਧਾਂ ਅਤੇ ਵਿਰੋਧਾਂ ਨੂੰ ਪ੍ਰਗਟਾਉਣ ਵਾਲੀ ਇਕ ਸਸ਼ਕਤ ਵਿਧਾ ਹੈ।

ਲੋਕ-ਕਹਾਣੀ ਲੋਕਧਾਰਾ ਦੇ ਮੌਖਿਕ ਪ੍ਰਗਟਾਅ ਰੂਪਾਂ ਵਿਚੋਂ ਆਪਣੇ ਬਿਰਤਾਂਤਕ ਸੁਭਾਅ ਕਾਰਨ ਹੀ ਨਹੀਂ ਸਗੋਂ ਵਿਲੱਖਣ ਗਿਆਨਾਤਮਕ ਸੁਹਜਾਤਮਕ, ਦਾਰਸ਼ਨਿਕ ਅਤੇ ਵਿਸ਼ੇਸ਼ ਸਭਿਆਚਾਰ ਵਿਚ ਸੰਤੁਲਨ ਅਤੇ ਨਿਰੰਤਰ ਸਥਾਪਤ ਰੱਖਣ, ਸਮਾਜੀਕਰਨ ਆਦਿ ਭੂਮਿਕਾਵਾਂ ਕਾਰਨ ਵੀ ਮਹੱਤਵਪੂਰਨ ਹੈ। ਲੋਕ-ਸਾਹਿਤ ਦੀ ਇਕ ਬਿਰਤਾਂਤਕ ਵਿਧਾ ਹੋਣ ਨਾਤੇ ਇਸ ਵਿਚ ਕਿਸੇ ਸਭਿਆਚਾਰ ਦੀ ਪ੍ਰਚਲਿਤ ਮਰਿਆਦਾ ਵਧੇਰੇ ਸਮੱਗਰ, ਸਮੂਰਤ ਅਤੇ ਸ਼ਕਤੀਸ਼ਾਲੀ ਰੂਪ ਵਿਚ ਪ੍ਰਗਟ ਹੁੰਦੀ ਹੈ। ਲੋਕ-ਕਹਾਣੀ ਦਾ ਬਿਰਤਾਂਤਕ ਸੰਗਠਨ ਵਿਰੋਧੀ-ਜੁੱਟਾਂ ਦੀ ਸੰਕਲਪਨਾ ਦੇ ਆਧਾਰ 'ਤੇ ਉੱਸਰਿਆ ਹੁੰਦਾ ਹੈ। ਸੋ ਲੋਕ-ਕਹਾਣੀ ਵਿਚ ਮਰਿਆਦਾ ਦੀ ਸਥਾਪਨਾ, ਜਿਆਦਾਤਰ ਮਰਿਆਦਾ ਦੀ ਉਲੰਘਣਾ ਦੀ ਸਥਿਤੀ ਵਿਚ ਉਤਪੰਨ ਸੰਕਟ/ਕਲੇਸ਼ ਦਾ ਤੁਲਨਾਤਮਕ ਦ੍ਰਿਸ਼ਟਾਂਤ ਸਿਰਜ ਕੇ ਕੀਤੀ ਜਾਂਦੀ ਹੈ। ਇਸ ਵਿਚ ਲੋਕ-ਸਮੂਹ ਦੀ ਵਿਚਾਰਧਾਰਕ ਪਹਿਲ ਦੇ ਨੁਕਤੇ ਤੋਂ ਅਣਇਛਿਤ ਮਨੁੱਖੀ ਵਿਵਹਾਰ ਦਾ ਨਿਸ਼ੇਧ ਕੀਤਾ ਜਾਂਦਾ ਹੈ ਅਤੇ ਇਸ ਨਿਸ਼ੇਧ ਦੇ ਨਾਲ ਹੀ ਇਛਿਤ ਮਨੁੱਖੀ ਵਿਵਹਾਰ

ਦਾ ਆਦਰਸ਼ ਸਥਾਪਤ ਕੀਤਾ ਜਾਂਦਾ ਹੈ । ਇਉਂ ਲੋਕ-ਕਹਾਣੀ ਪ੍ਰਵਾਨਿਤ ਮਰਿਆਦਾ ਤੋਂ ਪਰਾਹਨ ਅਤੇ ਅਤੇ ਮਰਿਆਦਾ ਦੇ ਪਾਲਣ ਦੀਆਂ ਸਥਿਤੀਆਂ ਦਾ ਬਿਰਤਾਂਤ ਸਿਰਜਦੀ ਹੋਈ ਅਚੇਤ ਹੀ ਕਿਸੇ ਲੋਕ-ਸਮੂਹ ਵਿਚਲੇ ਸਭਿਆਚਰਕ ਦਵੰਦਾਂ ਦੀ ਝਲਕ ਦੇ ਜਾਂਦੀ ਹੈ। ਇਉਂ ਲੋਕ-ਕਹਾਣੀ ਵਿਚ ਕੇਵਲ ਸਭਿਆਚਾਰਕ ਇਕਸੁਰਤਾ, ਇਕਸਾਰਤਾ ਅਤੇ ਅਖੰਡਤਾ ਦਾ ਬਿਰਤਾਂਤ ਹੀ ਪੇਸ਼ ਨਹੀਂ ਹੁੰਦਾ ਸਗੋਂ ਇਸਦੀ ਤਹਿ ਥੱਲੇ ਸਭਿਆਚਾਰਕ ਦਵੰਦਾਂ, ਤਣਾਵਾਂ ਅਤੇ ਟਕਰਾਵਾਂ ਦੀ ਅਬੋਲ ਅਚੇਤ ਸੰਰਚਨਾ ਕਾਰਜਸ਼ੀਲ ਹੁੰਦੀ ਹੈ। ਨਿਰਸੰਦੇਹ ਪੰਜਾਬੀ ਲੋਕ-ਕਹਾਣੀ ਇਸ ਦੇ ਸਿਰਜਣਹਾਰ ਪੰਜਾਬੀ-ਸਮੂਹ ਦੀ ਜੀਵਨ-ਸ਼ੈਲੀ, ਜੀਵਨ-ਦ੍ਰਿਸ਼ਟੀ ਅਤੇ ਵਿਸ਼ਵ ਦ੍ਰਿਸ਼ਟੀ ਨੂੰ ਸਮੋਈ ਬੈਠੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਆਪਣੀਆਂ ਬਹੁ-ਪਾਸਾਰੀ ਸੰਭਾਵਨਾਵਾਂ ਸਮੇਤ ਪ੍ਰਗਟ ਹੋਇਆ ਹੈ। ਹੱਥਲੇ ਖੋਜ-ਕਾਰਜ ਰਾਹੀਂ ਅਸੀਂ ਪੰਜਾਬੀ ਸਭਿਆਚਾਰ ਵਿਚਲੇ ਵਿਭਿੰਨ ਦਵੰਦਾਂ ਅਤੇ ਲੋਕ-ਕਹਾਣੀ ਦੀ ਵਿਧਾ ਵਿਚ ਇਨ੍ਹਾਂ ਦੀ ਪੇਸ਼ਕਾਰੀ ਦੇ ਰੂਪਾਂ ਦੀ ਪਛਾਣ ਕਰਨ ਦਾ ਯਤਨ ਕੀਤਾ ਹੈ। ਮੇਰਾ ਖੋਜ-ਵਿਸ਼ਾ 'ਪੰਜਾਬੀ ਲੋਕ-ਕਹਾਣੀਆਂ ਵਿਚ ਸਭਿਆਚਾਰਕ ਦਵੰਦ' ਪੰਜਾਬੀ ਸਭਿਆਚਾਰ ਵਿਚਲੀਆਂ ਵਿਰੋਧਤਾਵਾਂ ਦੀ ਪਛਾਣ ਅਤੇ ਵਿਸ਼ਲੇਸ਼ਣ ਵੱਲ ਸੇਧਿਤ ਹੈ ਜਿਹੜੀਆਂ ਨਾ ਕੇਵਲ ਪੰਜਾਬੀ ਸਭਿਆਚਾਰ ਦੇ ਵਿਲੱਖਣ ਚਰਿੱਤਰ ਨੂੰ ਉਸਾਰਦੀਆਂ ਅਤੇ ਇਸ ਵਿਚਲੀ ਗਤੀਸ਼ੀਲਤਾ ਅਤੇ ਰੂਪਾਂਤਰਣ ਦੀ ਪ੍ਰਕਿਰਿਆ ਨੂੰ ਨਿਯੰਤਰਿਤ ਕਰਦੀਆਂ ਹਨ ਸਗੋਂ ਪੰਜਾਬੀ ਲੋਕ-ਕਹਾਣੀ ਦੇ ਵਿਧਾਗਤ ਸੰਗਠਨ ਨੂੰ ਵੀ ਨਿਰਧਾਰਿਤ ਕਰਦੀਆਂ ਹਨ। ਇਸ ਖੋਜ-ਕਾਰਜ ਨੂੰ ਹੇਠ ਲਿਖੇ ਪੰਜ ਅਧਿਆਵਾਂ ਵਿਚ ਵੰਡਿਆ ਗਿਆ ਹੈ।

1. ਸਭਿਆਚਾਰ, ਦਵੰਦ-ਸਿੱਧਾਂਤ ਅਤੇ ਲੋਕ-ਬਿਰਤਾਂਤ: ਸਿੱਧਾਂਤਕ ਪਰਿਪੇਖ
2. ਪੰਜਾਬੀ ਲੋਕ-ਕਹਾਣੀ ਵਿਚ ਸਭਿਆਚਾਰਕ ਦਵੰਦ: ਸਾਕਾਦਾਰੀ ਸੰਬੰਧਾਂ ਦੇ ਪ੍ਰਸੰਗ ਵਿਚ
3. ਪੰਜਾਬੀ ਲੋਕ-ਕਹਾਣੀ ਵਿਚ ਸਭਿਆਚਾਰਕ ਦਵੰਦ: ਵਿਅਕਤੀ ਅਤੇ ਸਮੂਹ ਦੇ ਅੰਤਰ-ਸੰਬੰਧਾਂ ਦੇ ਪ੍ਰਸੰਗ ਵਿਚ
4. ਪੰਜਾਬੀ ਲੋਕ-ਕਹਾਣੀ ਵਿਚ ਸਭਿਆਚਾਰਕ ਦਵੰਦ: ਪ੍ਰਕਿਰਤੀ ਅਤੇ ਸੰਸਕ੍ਰਿਤੀ ਦੇ ਅੰਤਰ-ਸੰਬੰਧਾਂ ਦੇ ਪ੍ਰਸੰਗ ਵਿਚ
5. ਪੰਜਾਬੀ ਲੋਕ-ਕਹਾਣੀ ਵਿਚ ਸਭਿਆਚਾਰਕ ਦਵੰਦ: ਲੋਕ-ਬਿਰਤਾਂਤਾਂ ਦੀ ਸਿਰਜਣਾ ਦੇ ਪੈਟਰਨ

ਇਸ ਖੇਤਰ ਵਿਚ ਇਕੱਤਰੀਕਰਨ ਦੀਆਂ ਅਥਾਹ ਸੰਭਾਵਨਾਵਾਂ ਨੂੰ ਦੇਖਦੇ ਹੋਏ ਖੋਜ ਕਾਰਜ ਦਾ ਪਹਿਲਾ ਪੜਾਅ ਇਸੇ ਨਾਲ ਆਰੰਭ ਕੀਤਾ ਹੈ ਅਤੇ ਅੰਤਿਕਾ-II ਵਜੋਂ ਦਿੱਤਾ ਗਿਆ ਹੈ।

ਪਹਿਲੇ ਅਧਿਆਇ ਵਿਚ ਕਿਸੇ ਸਭਿਆਚਾਰ ਦੇ ਸਰੂਪ ਅਤੇ ਲੱਛਣਾਂ ਨੂੰ ਜਾਨਣ ਦਾ ਯਤਨ ਕਰਦਿਆਂ ਇਸ ਵਰਤਾਰੇ ਵਿਚ ਦਵੰਦਾਂ ਦੀ ਹੋਂਦ ਨੂੰ ਸਵੀਕਾਰਿਆ ਹੈ ਅਤੇ ਵਿਭਿੰਨ ਖੇਤਰਾਂ (ਪ੍ਰਾਕਿਰਤਿਕ ਅਤੇ ਸਮਾਜਿਕ ਵਿਗਿਆਨ) ਵਿਚ ਦਵੰਦ-ਸਿੱਧਾਂਤਾਂ ਦੇ ਅਧਿਐਨ ਰਾਹੀਂ ਸਭਿਆਚਾਰਕ ਦਵੰਦਾਂ ਦੇ ਵਾਸਤਵਿਕ ਆਧਾਰਾਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਥੇ ਇਹ ਅਧਿਆਇ ਸਭਿਆਚਾਰਕ ਦਵੰਦਾਂ ਦੇ ਵਿਭਿੰਨ ਪੱਖਾਂ ਅਤੇ ਪਾਸਾਰਾਂ ਸੰਬੰਧੀ ਵਿਸਤ੍ਰਿਤ ਸਿੱਧਾਂਤਕ ਚਰਚਾ ਛੇੜਦਾ ਹੈ ਉਥੇ ਸਭਿਆਚਾਰਕ ਦਵੰਦਾਂ ਦੇ ਪ੍ਰਸੰਗ ਵਿਚ ਲੋਕ-ਕਹਾਣੀ ਦੀ ਹੋਂਦ-ਵਿਧੀ, ਪੇਸ਼ਕਾਰੀ ਅਤੇ ਇਸਨੂੰ ਇਕ ਲੋਕ-ਧਾਰਾਈ ਸੋਧਕ ਵਜੋਂ ਵੀ ਵਿਚਾਰਦਾ ਹੈ।

ਵਿਆਹ ਪੰਜਾਬੀ ਰਿਸ਼ਤਾ ਪ੍ਰਣਾਲੀ ਦਾ ਕੇਂਦਰਕ ਹੈ। ਇਸ ਰਾਹੀਂ ਹੀ ਸਮੁੱਚੇ ਸਾਕਾਦਾਰੀ ਪ੍ਰਬੰਧ ਦਾ ਨਿਰਮਾਣ ਹੁੰਦਾ ਹੈ। ਵਿਆਹ ਨਵੇਂ ਕਿਸਮ ਦੇ ਸੰਬੰਧਾਂ ਅਤੇ ਵਿਰੋਧਾਂ ਨੂੰ ਜਨਮ ਦਿੰਦਾ ਹੈ। ਇਹ ਸੰਬੰਧ ਨੂੰ ਸ਼ਰੀਕੇ ਵਿਚ ਅਤੇ ਸ਼ਰੀਕੇ ਨੂੰ ਵਿਰੋਧ ਵਿਚ ਰੂਪਾਂਤਰਿਤ ਕਰਦਾ ਹੋਇਆ ਨਵੀਂ ਕਿਸਮ ਦੀਆਂ ਜਟਿਲਤਾਵਾਂ ਅਤੇ ਦਵੰਦ ਉਤਪੰਨ ਕਰਦਾ ਹੈ। ਇਸ ਰਾਹੀਂ ਹੀ ਸਮੁੱਚੇ ਸਾਕਾਦਾਰੀ ਪ੍ਰਬੰਧ ਦਾ ਨਿਰਮਾਣ ਹੁੰਦਾ ਹੈ। ਇਹ ਸਾਕਾਦਾਰੀ ਪ੍ਰਣਾਲੀ ਪਰਿਵਾਰਿਕ ਜੀਵਨ ਵਿਚ ਵਿਭੰਨ ਭੂਮਿਕਾਵਾਂ ਨਿਸਚਿਤ ਕਰਦੀ ਹੋਈ ਵਿਰੋਧਾਂ/ਦਵੰਦਾਂ ਦਾ ਇਕ ਸਿਸਟਮ ਉਸਾਰਦੀ ਹੈ। ਪੰਜਾਬੀ ਲੋਕ-ਕਹਾਣੀ ਵਿਆਹ ਦੀ ਸੰਸਥਾ ਅਤੇ ਸਮੁੱਚੇ ਸਾਕਾਦਾਰੀ ਪ੍ਰਬੰਧ ਵਿਚਲੇ ਵਿਭਿੰਨ ਦਵੰਦਾਂ ਨੂੰ ਬੜੀ ਬਾਰੀਕੀ ਨਾਲ ਪੇਸ਼ ਕਰਦੀ ਹੈ ਜਿਸਨੂੰ ਦੂਜੇ ਅਧਿਆਇ ਵਿਚ ਅਧਿਐਨ ਅਧੀਨ ਲਿਆਂਦਾ ਗਿਆ ਹੈ।

ਤੀਜੇ ਅਧਿਆਇ ਵਿਚ ਵਿਅਕਤੀ ਨੂੰ ਸਮੂਹ ਅਤੇ ਸੰਸਥਾਵਾਂ ਦੇ ਪ੍ਰਸੰਗ ਵਿਚ ਵਿਚਾਰਨ ਦਾ ਯਤਨ ਕੀਤਾ ਗਿਆ ਹੈ। ਜਦੋਂ ਵੀ ਕਿਸੇ ਸਭਿਆਚਾਰ ਦੀਆਂ ਸੰਸਥਾਵਾਂ ਕਾਬਜ਼ ਜਮਾਤ ਦਾ ਹੱਥ-ਠੋਕਾ ਬਣ ਆਰੋਪਿਤ ਹੁੰਦੀਆਂ ਹਨ ਤਾਂ ਸਧਾਰਨ ਮਨੁੱਖ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਸਹਿਜ ਨਾ ਰਹਿਣ ਕਾਰਨ ਟਕਰਾਓ ਦਾ ਅਖਾੜਾ ਹਾਜ਼ਰ ਹੁੰਦਾ ਹੈ ਅਤੇ ਵਿਅਕਤੀਗਤ ਪ੍ਰਵਿਰਤੀ ਇਨ੍ਹਾਂ ਨਾਲ ਖਹਿੰਦੀ, ਸੰਘਰਸ਼ ਕਰਦੀ ਨਵੇਂ ਰੂਪਾਤਰਣਾਂ ਲਈ ਤਾਂਘਦੀ ਹੈ। ਮਨੁੱਖੀ ਵਿਹਾਰ ਨੂੰ ਨੈਤਿਕਤਾ ਰਾਹੀਂ ਨਿਯੰਤਰਿਤ ਕਰਦੇ ਪ੍ਰਤਿਮਾਨਿਕ ਪ੍ਰਬੰਧ ਦੀ ਬੁਨਿਆਦੀ ਜੁਗਤ ਵੀ ਨਿਸ਼ੇਧ ਦੀ ਹੈ। ਲੋਕ-ਕਹਾਣੀ ਅਜਿਹੇ ਨਿਸ਼ੇਧਾਤਮਕ ਵਿਵਹਾਰ ਦਾ ਬਿਰਤਾਂਤ ਪੇਸ਼ ਕਰਦੀ ਹੋਈ ਇਛਿਤ ਆਦਰਸ਼ਕ

ਵਿਵਹਾਰ ਨੂੰ ਦ੍ਰਿੜਾਉਂਦੀ ਹੈ ਜਿਸ ਨਾਲ ਇਸ ਪ੍ਰਤਿਮਾਨਕ ਪ੍ਰਬੰਧ ਵਿਚਲੀਆਂ ਵਿਰੋਧਤਾਵਾਂ ਵੀ ਦ੍ਰਿਸ਼ਟੀਗੋਚਰ ਹੋ ਜਾਂਦੀਆਂ ਹਨ। ਪ੍ਰਤਿਮਾਨਕ ਪ੍ਰਬੰਧ ਵਿਚਲੀਆਂ ਵਿਰੋਧਤਾਵਾਂ ਦਾ ਬਿਰਤਾਂਤ ਸਿਰਜਦੀਆਂ ਲੋਕ-ਕਹਾਣੀਆਂ ਵਿਚ ਆਦਰਸ਼ਕ ਵਿਵਹਾਰ ਅਤੇ ਵਾਸਤਵਿਕ ਸਥਿਤੀ ਵਿਵੇਕ ਦਾ ਪ੍ਰਸਤੁਤ ਹੁੰਦਾ ਦਵੰਦ ਇਸ ਅਧਿਆਇ ਵਿਚ ਚਰਚਾ ਅਧੀਨ ਲਿਆਂਦਾ ਗਿਆ ਹੈ।

ਚੌਥਾ ਅਧਿਆਇ ਮਨੁੱਖ ਦੀ ਮੂਲ ਪ੍ਰਕਿਰਤੀ ਨੂੰ ਸੰਸਕ੍ਰਿਤੀ ਦੇ ਸੰਦਰਭਾਂ ਵਿਚ ਵਿਚਾਰਦਾ ਹੈ। ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਅਤੇ ਸਾਂਸਕ੍ਰਿਤਿਕ ਮਰਿਆਦਾ ਵਿਚਕਾਰ ਤਣਾਉ ਦੀ ਸਦੀਵੀ ਹਕੀਕਤ ਪੰਜਾਬੀ ਲੋਕ-ਕਹਾਣੀ ਵਿਚ ਪ੍ਰਸਤੁਤ ਹੁੰਦੀ ਆਈ ਹੈ। ਮਨੁੱਖ ਦੀ ਪ੍ਰਕਿਰਤੀ ਉਸ ਦੀ ਸਮਾਜਿਕ ਇਕਸੁਰਤਾ ਨੂੰ ਖੰਡਿਤ ਕਰਦੀ ਰਹਿੰਦੀ ਹੈ ਅਤੇ ਮਨੁੱਖ ਗਾਹੇ ਬਗਾਹੇ ਆਪਣੇ ਸੰਜਮਾਂ ਤੋਂ ਭਟਕਦਾ ਰਹਿੰਦਾ ਹੈ। ਪੰਜਾਬੀ ਲੋਕ-ਕਹਾਣੀ ਸੁਚੇਤ ਰੂਪ ਵਿਚ ਮਨੁੱਖ ਨੂੰ ਆਪਣੀ ਪਾਸ਼ਵਿਕਤਾ ਨੂੰ ਨੱਪੀ ਰੱਖਣ ਲਈ ਪ੍ਰੇਰਿਤ ਕਰਦੀ ਹੈ ਅਤੇ ਸੰਭਾਵਿਤ ਵਿਪਥਨਾਂ ਦਾ ਬਿਰਤਾਂਤ ਸਿਰਜ ਪ੍ਰਕਿਰਤੀ ਅਤੇ ਸੰਸਕ੍ਰਿਤੀ ਵਿਚਕਾਰਲੇ ਤਣਾਉ ਨੂੰ ਪ੍ਰਗਟਾਉਂਦੀ ਰਹਿੰਦੀ ਹੈ। ਇਸ ਅਧਿਆਇ ਵਿਚ, ਮਨੁੱਖ ਸਿਰਜਿਤ ਵਰਤਾਰਾ ਮਨੁੱਖ ਅੰਦਰਲੀਆਂ ਪਾਸ਼ਵਿਕ ਰੁਚੀਆਂ ਦੇ ਨਵੇਂ ਰੂਪਾਂਤਰਣਾਂ ਸਦਕਾ ਕਿਵੇਂ ਵਿਪਥਨ ਦੇ ਰਾਹ ਪੈ ਅਮਾਨਵੀ ਹੋ ਜਾਂਦਾ ਹੈ,ਨੂੰ ਵੀ ਵਿਚਾਰਿਆ ਗਿਆ ਹੈ।

ਪੰਜਵੇਂ ਅਧਿਆਇ ਵਿਚ ਲੋਕ-ਵਾਰਤਕ ਬਿਰਤਾਂਤ ਦੀਆਂ ਵਿਭਿੰਨ ਵਿਧਾਵਾਂ ਕਥਾ, ਰਵਾਇਤ ਤੇ ਬਾਤ ਨੂੰ ਅਧਿਐਨ ਅਧੀਨ ਲਿਆਂਦਾ ਗਿਆ ਹੈ ਜਿਹੜੀਆਂ ਆਪੋ-ਆਪਣੇ ਰਚਨਾਤਮਕ ਪ੍ਰਸੰਗ, ਪੇਸ਼ਕਾਰ ਦੇ ਵੱਖੋ-ਵੱਖਰੇ ਸੁਭਾਅ, ਪੇਸ਼ਕਾਰੀ/ਸੰਚਾਰ ਦੀ ਵਿਧੀ ਦੀ ਵਿਲੱਖਣਤਾ, ਪੇਸ਼ਕਾਰੀ ਦੀ ਨਿਸਚਿਤ ਸਮੇਂਬਧਤਾ ਅਤੇ ਅੱਗਿਓਂ ਸਰੋਤਿਆਂ ਦੀ ਉਮਰ ਦੇ ਵੱਖੋ-ਵੱਖਰੇ ਤਕਾਜ਼ਿਆਂ ਕਾਰਨ ਸਾਰਥਕਤਾ ਦੇ ਵਖੋ-ਵੱਖਰੇ ਪੈਟਰਨ ਉਸਾਰਦੀਆਂ ਹਨ। ਇਹ ਵਿਧਾਵਾਂ ਪੰਜਾਬੀ ਸਭਿਆਚਾਰ ਦੇ ਅੰਤਰੀਵੀ ਦਵੰਦਾਂ ਨੂੰ ਆਪਣੇ ਅਰਥ-ਸਿਰਜਣਾ ਦਾ ਹਿੱਸਾ ਹੀ ਨਹੀਂ ਬਣਾਉਂਦੀਆਂ ਸਗੋਂ ਖ਼ੁਦ ਆਪਸ ਵਿਚ ਦਵੰਦ ਦੀ ਸਥਿਤੀ ਵਿਚ ਵੀ ਹਾਜ਼ਰ ਹੁੰਦੀਆਂ ਹਨ ਅਤੇ ਇਕ ਦੂਜੇ ਦੁਆਰਾ ਸੰਕਲਪੇ ਸੰਸਾਰ ਦਾ ਵਿਰੋਧ ਕਰਦੀਆਂ ਪ੍ਰਤੀਤ ਹੁੰਦੀਆਂ ਹਨ ।

ਆਪਣੇ ਇਸ ਕਾਰਜ ਲਈ ਮੈਂ ਧੰਨਵਾਦੀ ਹਾਂ ਆਪਣੇ ਗੁਰੂਦੇਵ ਪ੍ਰੋਫੈਸਰ ਨਾਹਰ ਸਿੰਘ ਨਿਗਰਾਨ ਜੀ ਦੀ ਜਿਨ੍ਹਾਂ ਹਮੇਸ਼ਾ ਮੇਰੀਆਂ ਔਕੜਾਂ ਨੂੰ ਸਰਲ ਕੀਤਾ ਹੈ ਅਤੇ ਅਧਿਐਨ ਨੂੰ ਸਹਿਜਤਾ ਬਖਸ਼ੀ ਹੈ। ਡਾ. ਸੁਰਜੀਤ, ਸਹਿਜ, ਆਮੀਨ ਅਤੇ ਆਪਣੇ ਦੋਹਾਂ ਪਰਿਵਾਰਾਂ ਦੀ ਮੈਂ ਵਿਸ਼ੇਸ਼ ਰੂਪ ਵਿਚ ਰਿਣੀ ਹਾਂ।

ਇਕ ਰਿਣ ਮੇਰੇ ਉੱਪਰ ਮੇਰੇ ਵਿਦਵਾਨ ਅਧਿਆਪਕਾਂ ਦਾ ਹੈ ਜਿਨ੍ਹਾਂ ਦਾ ਗਿਆਨ ਅਤੇ ਮਾਰਗ ਦਰਸ਼ਨ ਮੇਰੇ ਲਈ ਹਰ ਸਮੇਂ ਸਹਾਈ ਸਿੱਧ ਹੁੰਦਾ ਰਿਹਾ ਹੈ। ਆਪਣੇ ਖੇਤਰੀ-ਕਾਰਜ ਦੌਰਾਨ ਮੈਨੂੰ ਪ੍ਰੋ. ਨਸੀਬ ਕੌਰ (ਫਰੀਦਕੋਟ), ਮਾਂ (ਤੇਜਕੌਰ ਫਰੀਦਕੋਟ) ਰਾਜਿੰਦਰ ਕੌਰ (ਲੂਣਾ ਤੋਲਾ), ਦਲਜੀਤ ਕੌਰ ਅਤੇ ਦੇਵ ਸਮਾਜ ਕਾਲਜ ਫਿਰੋਜ਼ਪੁਰ ਦੇ ਵਿਦਿਆਰਥੀਆਂ ਦਾ ਵਿਸ਼ੇਸ਼ ਸਹਿਯੋਗ ਰਿਹਾ ਹੈ, ਇਨ੍ਹਾਂ ਦਾ ਮੈਂ ਵਿਸ਼ੇਸ਼ ਰੂਪ ਵਿਚ ਧੰਨਵਾਦ ਕਰਨਾ ਚਾਹੁੰਦੀ ਹਾਂ। ਡਾ. ਤੇਜਿੰਦਰ ਕੌਰ (ਕੇ.ਵੀ.ਕੇ. ਫਰੀਦਕੋਟ), ਮਿਸਿਜ਼ ਪ੍ਰੇਮ ਲਤਾ ਅਗਰਵਾਲ, ਪ੍ਰਿੰਸੀਪਲ ਐਮ. ਆਰ. ਮਨਚੰਦਾ, ਪ੍ਰੋਫੈਸਰ ਕੁਲਦੀਪ ਸਿੰਘ ਅਤੇ ਪਰਿਵਾਰ ਮੇਰੇ ਸੰਕਟਾਂ ਦੇ ਭਾਈਵਾਲ ਹਨ, ਇਸ ਖੋਜ-ਕਾਰਜ ਦੇ ਨੇਪਰੇ ਚੜ੍ਹਨ ਵਿਚ ਇਨ੍ਹਾਂ ਦਾ ਆਪਣੀ ਕਿਸਮ ਦਾ ਵਿਲੱਖਣ ਯੋਗਦਾਨ ਹੈ।

ਪੰਜਾਬੀ ਅਕਾਡਮੀ ਲੁਧਿਆਣਾ ਦੀ ਰੈਫਰੈਂਸ ਲਾਇਬਰੇਰੀ ਦੇ ਕਰਤਾ ਧਰਤਾ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਦੀ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਲਾਇਬਰੇਰੀ ਦੇ ਅਮੁੱਲੇ ਖਜਾਨੇ ਨੂੰ ਵਰਤਣ ਦੀ ਆਗਿਆ ਦਿੱਤੀ। ਪੰਜਾਬੀ ਵਿਭਾਗ ਦੇ ਅਸਿਸਟੈਂਟ ਸ੍ਰ. ਜਗਤਾਰ ਸਿੰਘ ਦੀ ਰਿਣੀ ਹਾਂ ਜਿਨ੍ਹਾਂ ਨੇ ਇਸ ਖੋਜ-ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਕੰਪੋਜ਼ ਕਰਨ ਦੇ ਨਾਲ ਨਾਲ ਹੋਰ ਬਹੁਤ ਸਾਰੀਆਂ ਤਕਨੀਕੀ-ਜ਼ਿਮੇਵਾਰੀਆਂ ਵਿਚ ਮੇਰੀ ਮਦਦ ਕੀਤੀ।

ਇਸ ਖੋਜ-ਕਾਰਜ ਦੌਰਾਨ ਮੈਂ ਸਿੱਧਾਂਤ ਅਤੇ ਵਿਹਾਰ ਵਿਚ ਸੰਤੁਲਨ ਲਿਆਉਣ ਦਾ ਹਰ ਸੰਭਵ ਯਤਨ ਕੀਤਾ ਹੈ ਪਰ ਜੇ ਕਿਤੇ ਇਹ ਵਿਗੜਦਾ ਨਜ਼ਰ ਆਉਂਦਾ ਹੈ ਤਾਂ ਇਹ ਮੇਰੇ ਗਿਆਨ ਦੀ, ਸਮਰੱਥਾ ਦੀ ਸੀਮਾ ਹੈ।

( ਜਗਦੀਸ਼ ਕੌਰ )